**ਗੀਤਕਾਰ ਮਹਿੰਗੇ ਨੇ**

**ਉਹਨਾਂ ਦੇ ਗੀਤ ਸਸਤੇ ਨੇ**

ਗੀਤਕਾਰ ਮਹਿੰਗੇ ਨੇ ਉਹਨਾਂ ਦੇ ਗੀਤ ਸਸਤੇ ਨੇ
ਜਿਹਨਾਂ ਨੇ ਲਾਇ ਗੀਤਾਂ ਨੂੰ ਲਚਰ ਪੁਣੇ ਦੇ ਤੜਕੇ ਨੇ

ਐਸੇ ਗੀਤਕਾਰ ਲੋਕੋ ਜਦ ਵੀ ਮੋਇਆ ਕਰਦੇ ਨੇ
ਖਲਕਤ ਰੋਇਆ ਨਹੀਂ ਕਰਦੀ ਕੁਤੇ ਰੋਇਆ ਕਰਦੇ ਨੇ

ਗੀਤਕਾਰ ਵਿਕਦੇ ਨੇ ਗੀਤ ਵਿਕਿਆ ਨਹੀਂ ਕਰਦੇ
ਥੋੜੇ ਦਿਨ ਹੀ ਚਲਦੇ ਨੇ ਬਹੁਤਾ ਟਿਕਿਆ ਨਹੀਂ ਕਰਦੇ

ਕਰਦੇ ਗਲ ਬੰਦੂਕਾਂ ਦੀ ਜਾਂ ਫਿਰ ਗਲ ਗਿਲਾਸੀ ਦੀ
ਬਾਰਾਂ ਬੋਰ ਦੀ ਕਰਦੇ ਨੇ ਜਾਂ ਫਿਰ ਤੇਜ ਗੰਡਾਸੀ ਦੀ

ਆਪਣੀ ਚੋੜੀ ਛਾਤੀ ਦੇ ਸਿੰਗਰ ਪਿਆ ਕਸੀਦੇ ਪੜ੍ਹਦਾ
ਗਰਦਨ ਵਢ਼ ਦਿਆ ਕਰਦੇ ਹਾਂ ਜਿਹੜਾ ਸਾਡੇ ਮੂਹਰੇ ਖੜ੍ਹਦਾ

ਇਹੀ ਗੀਤ ਹੁੰਦੇ ਨੇ ਇਹੀ ਬੋਲ ਹੁੰਦੇ ਨੇ
ਜਾਂ ਫਿਰ ਧੀਆਂ ਭੇਣਾਂ ਨੂੰ ਪਏ ਮਖੋਲ ਹੁੰਦੇ ਨੇ

ਸਿਰ ਤੇ ਰਖ ਗਿਲਾਸੀ ਨੂੰ ਲੋਕੀ ਵੇਖੇ ਡਾਂਸ ਕਰਦੇ
ਕਰਤਬ ਵੇਖ ਸ਼ਰਾਬੀ ਦਾ ਲੋਕੇ ਬਹਿਜਾ ਬਹਿਜਾ ਕਰਦੇ

ਇਸੇ ਮੋਜ ਮੇਲੇ ਨੂੰ ਲੋਕੀ "ਖਾੜਾ" ਕਹਿੰਦੇ  ਨੇ
ਗੰਦੇ ਡਾਂਸ ਵੇਹਂਦੇ  ਨੇ ਗੀਤ ਸੁਣਦੇ ਰਹਿੰਦੇ ਨੇ

ਜੇਕਰ ਆਪਣੇ ਵਿਰਸੇ ਨੂੰ ਲੋਕੋ ਤੁਸੀਂ ਬਚੋਨਾ  ਚਾਹੁੰਦੇ
ਲਾ ਕੇ ਆਗ ਕੁਲੀ ਨੂੰ ਜੇ ਨਹੀਂ ਖੁਸ਼ੀ ਮਾਨੋਨਾ ਚਾਹੁੰਦੇ
ਮੁਠੀਆਂ ਦੇ ਵਿਚ ਥੁਕ ਲਵੋ ਹਥੀਂ ਝੰਡੇ ਚੂਕ ਲਵੋ
ਜਿਥੇ ਐਸਾ  "ਖਾੜਾ" ਹੋਵੇ ਓਥੇ ਝੰਡੇ ਲੈ ਕੇ ਜਾਵੋ
ਲਚਰ ਗਾਵਣ ਵਾਲੇ ਨੂੰ ਓਥੋਂ ਨਾਹਰੇ ਮਾਰ ਭਜਾਓ